WorkSafeBC | ਜਾਣਕਾਰੀ ਬੁਲੇਟਿਨ

# ਵਰਕਸੇਫਬੀਸੀ ਸਾਲ 2027 ਵਿੱਚ ਲਗਾਤਾਰ 10ਵੇਂ ਸਾਲ ਔਸਤ ਬੇਸ ਦਰ ਨੂੰ ਸਥਿਰ ਰੱਖ ਰਿਹਾ ਹੈ।

**ਰਿਚਮੰਡ, ਬੀ.ਸੀ. (13 ਜੁਲਾਈ, 2026)** — ਵਰਕਸੇਫਬੀਸੀ ਨੇ ਅੱਜ ਐਲਾਨ ਕੀਤਾ ਹੈ ਕਿ ਸਾਲ 2027 ਲਈ ਮੁੱਢਲੀ ਔਸਤ ਬੇਸ ਦਰ 100 ਡਾਲਰ ਟੈਕਸ ਲਾਉਣ ਯੋਗ ਦਿੱਤੀ ਜਾਂਦੀ ਤਨਖਾਹ (ਪੇਅਰੋਲ) ਪਿੱਛੇ 1.55 ਡਾਲਰ 'ਤੇ ਹੀ ਬਣੀ ਰਹੇਗੀ। ਇਹ ਪਤਝੜ ਵਿੱਚ ਵਰਕਸੇਫਬੀਸੀ ਦੇ ਬੋਰਡ ਦੇ ਡਾਇਰੈਕਟਰਾਂ ਦੀ ਅੰਤਿਮ ਪ੍ਰਵਾਨਗੀ ਲਈ ਵਿਚਾਰ ਅਧੀਨ ਹੈ ਅਤੇ ਇਹ ਲਗਾਤਾਰ 10ਵਾਂ ਸਾਲ ਹੋਵੇਗਾ ਜਦੋਂ ਔਸਤ ਬੇਸ ਦਰ ਇਸੇ ਪੱਧਰ 'ਤੇ ਟਿਕੀ ਹੋਈ ਹੈ।

### ਵਧੇ (ਸਰਪਲੱਸ) ਫੰਡ ਕੰਮ-ਮਾਲਕਾਂ ਨੂੰ ਵਾਪਸ ਕੀਤੇ ਜਾਣਗੇ

ਵਰਕਸੇਫਬੀਸੀ ਦੇ ਦਰ ਮਿਥਣ ਦੇ ਤਰੀਕੇ ਵਿੱਚ ਫੰਡਾਂ ਦੇ ਪੱਧਰ ਆਪਣੇ ਟੀਚੇ ਤੋਂ ਵੱਧ ਹੋਣ ਦੀ ਹਾਲਤ ਵਿੱਚ ਕੰਮ-ਮਾਲਕਾਂ ਨੂੰ ਵਧੇ ਫੰਡ ਵਾਪਸ ਕਰਨ ਦੇ ਤਰੀਕੇ ਸ਼ਾਮਲ ਹਨ। ਸਾਲ 2027 ਵਿੱਚ, ਵਰਕਸੇਫਬੀਸੀ ਛੋਟ ਵਾਲੀਆਂ ਦਰਾਂ ਅਤੇ ਫੀਸਾਂ ਵਿੱਚ ਛੋਟ (ਅਸੈਸਮੈਂਟ ਕ੍ਰੈਡਿਟਸ) ਰਾਹੀਂ ਲਗਭਗ 1 ਬਿਲੀਅਨ ਡਾਲਰ (960 ਮਿਲੀਅਨ ਡਾਲਰ) ਵਧੇ (ਸਰਪਲੱਸ) ਫੰਡ ਕੰਮ-ਮਾਲਕਾਂ ਨੂੰ ਵਾਪਸ ਕਰਨ ਦੀ ਤਜਵੀਜ਼ ਰੱਖ ਰਿਹਾ ਹੈ।

- **ਛੋਟ ਵਾਲੀਆਂ ਦਰਾਂ:** ਵਰਕਸੇਫਬੀਸੀ ਬੇਸ ਦਰਾਂ ਨੂੰ ਵਰਕਰਾਂ ਦੇ ਕੰਪਨਸੇਸ਼ਨ ਸਿਸਟਮ ਨੂੰ ਚਲਾਉਣ ਦੀ ਲਾਗਤ ਨਾਲੋਂ ਘੱਟ ਰੱਖ ਕੇ ਕੰਮ-ਮਾਲਕਾਂ ਨੂੰ ਲਗਭਗ 677 ਮਿਲੀਅਨ ਡਾਲਰ ਦੇ ਵਧੇ (ਸਰਪਲੱਸ) ਫੰਡ ਵਾਪਸ ਕਰ ਰਿਹਾ ਹੈ। ਸਾਲ 2027 ਵਿੱਚ, ਫਰਕ ਨੂੰ ਸਰਪਲੱਸ ਫੰਡਾਂ ਨਾਲ ਪੂਰਾ ਕਰਕੇ 1.55 ਡਾਲਰ ਦੀ ਮੁੱਢਲੀ ਔਸਤ ਬੇਸ ਦਰ 1.88 ਡਾਲਰ ਦੀ ਅਨੁਮਾਨਿਤ ਔਸਤ ਲਾਗਤ ਦਰ ਨਾਲੋਂ 18 ਫੀਸਦੀ ਘੱਟ ਹੋਵੇਗੀ।
- **ਅਸੈਸਮੈਂਟ ਕ੍ਰੈਡਿਟ:** ਸਾਲ 2027 ਵਿੱਚ ਵਰਕਸੇਫਬੀਸੀ ਵੱਡੀ ਮਾਤਰਾ ਵਿੱਚ ਵਧੇ (ਸਰਪਲੱਸ) ਫੰਡਾਂ ਵਾਲੇ ਇੰਡਸਟਰੀ ਗਰੁੱਪਾਂ ਦੇ ਕੰਮ-ਮਾਲਕਾਂ ਦੇ ਖਾਤਿਆਂ ਵਿੱਚ 283 ਮਿਲੀਅਨ ਡਾਲਰ ਦੇ ਅਸੈਸਮੈਂਟ ਕ੍ਰੈਡਿਟ ਪਾ ਰਿਹਾ ਹੈ। ਇਹ ਕ੍ਰੈਡਿਟ 15 ਇੰਡਸਟਰੀ ਗਰੁੱਪਾਂ ਦੇ ਲਗਭਗ 31,000 ਕੰਮ-ਮਾਲਕਾਂ ਨੂੰ ਮਿਲਣਗੇ।

ਵਰਕਸੇਫਬੀਸੀ ਦਾ ਅਨੁਮਾਨ ਹੈ ਕਿ ਸਾਲ 2019 ਅਤੇ 2027 ਦੇ ਵਿਚਕਾਰ, ਮੁੱਖ ਤੌਰ 'ਤੇ ਬੇਸ ਦਰਾਂ ਨੂੰ ਲਾਗਤਾਂ ਨਾਲੋਂ ਘੱਟ ਰੱਖ ਕੇ 3.9 ਬਿਲੀਅਨ ਡਾਲਰ ਦੇ ਵਧੇ ਫੰਡ ਕੰਮ-ਮਾਲਕਾਂ ਨੂੰ ਵਾਪਸ ਕਰ ਦਿੱਤੇ ਗਏ ਹੋਣਗੇ।

### 2027 ਵਿੱਚ ਹੋਣ ਵਾਲੀਆਂ ਤਬਦੀਲੀਆਂ ਦਰਾਂ ਵਿੱਚ ਸਥਿਰਤਾ ਨੂੰ ਵਧਾਉਣਗੀਆਂ।

ਜਦੋਂ ਕਿ ਸਾਲ 2027 ਵਿੱਚ ਔਸਤ ਬੇਸ ਦਰ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ, ਪਰ ਹਰ ਸਾਲ ਕੁਝ ਉਦਯੋਗਾਂ ਵਿੱਚ ਲਾਗਤਾਂ ਵੱਧ ਜਾਂਦੀਆਂ ਹਨ, ਕੁਝ ਵਿੱਚ ਘੱਟ ਜਾਂਦੀਆਂ ਹਨ ਅਤੇ ਕੁਝ ਵਿੱਚ ਓਹੀ ਰਹਿੰਦੀਆਂ ਹਨ। ਸਾਲ 2027 ਵਿੱਚ, ਅੱਧੇ ਤੋਂ ਵੱਧ (52 ਫੀਸਦੀ) ਕੰਮ-ਮਾਲਕਾਂ ਲਈ ਜਾਂ ਤਾਂ ਉਨ੍ਹਾਂ ਦੀ ਬੇਸ ਦਰ ਵਿੱਚ ਕਮੀ (30 ਫੀਸਦੀ) ਆਵੇਗੀ ਜਾਂ ਕੋਈ ਬਦਲਾਅ ਨਹੀਂ ਹੋਵੇਗਾ (22 ਫੀਸਦੀ), ਜਦੋਂ ਕਿ 48 ਫੀਸਦੀ ਕੰਮ-ਮਾਲਕਾਂ ਲਈ ਇਸ ਵਿੱਚ ਵਾਧਾ ਹੋਵੇਗਾ।

ਦਰਾਂ ਨੂੰ ਜਿੰਨਾ ਸੰਭਵ ਹੋ ਸਕੇ ਸਥਿਰ ਰੱਖਣ ਲਈ, ਆਮ ਤੌਰ 'ਤੇ ਬੇਸ ਦਰ ਵਿੱਚ ਵਾਧੇ ਅਤੇ ਕਟੌਤੀ ਦੀ ਸੀਮਾ 20 ਫੀਸਦੀ ਤੱਕ ਰੱਖੀ ਜਾਂਦੀ ਹੈ। ਲੇਕਿਨ, ਸੂਬੇ ਨੂੰ ਦਰਪੇਸ਼ ਲਗਾਤਾਰ ਆਰਥਿਕ ਅਸਥਿਰਤਾ ਨੂੰ ਦੇਖਦੇ ਹੋਏ, ਵਰਕਸੇਫਬੀਸੀ ਸਾਲ 2027 ਲਈ ਬੇਸ ਦਰ ਵਿੱਚ ਵਾਧੇ ਨੂੰ ਵੱਧ ਤੋਂ ਵੱਧ 15 ਫੀਸਦੀ ਤੱਕ ਸੀਮਤ ਰੱਖੇਗਾ, ਜਦਕਿ ਬੇਸ ਦਰ ਵਿੱਚ 30 ਫੀਸਦੀ ਤੱਕ ਦੀ ਕਟੌਤੀ ਦੀ ਆਗਿਆ ਦੇਵੇਗਾ। ਇਸ ਅਸਥਾਈ ਪਹੁੰਚ —ਜਿਸ ਨੂੰ 2026 ਵਿੱਚ ਵੀ ਵਰਤਿਆ ਗਿਆ ਸੀ— ਦਾ ਮਕਸਦ ਮੁਸ਼ਕਲ ਆਰਥਿਕ ਦੌਰ ਦੌਰਾਨ ਬੀ.ਸੀ. ਦੇ ਕੰਮ-ਮਾਲਕਾਂ ਲਈ ਦਰਾਂ ਵਿੱਚ ਵਧੇਰੇ ਸਥਿਰਤਾ ਪ੍ਰਦਾਨ ਕਰਨਾ ਹੈ।

ਵਰਕਸੇਫਬੀਸੀ ਦੀ ਮਜ਼ਬੂਤ ਵਿੱਤੀ ਹਾਲਤ ਨੇ ਔਸਤ ਬੇਸ ਦਰ ਨੂੰ ਸਥਿਰ ਰੱਖਣਾ ਸੰਭਵ ਬਣਾਇਆ ਹੈ, ਭਾਵੇਂ ਕਿ ਕਲੇਮਾਂ ਦੀ ਲਾਗਤ ਵਧਣ ਦਾ ਦਬਾਅ — ਖਾਸ ਤੌਰ 'ਤੇ ਮਾਨਸਿਕ ਸੱਟਾਂ ਅਤੇ ਪੁਰਾਣੇ ਦਰਦ ਦੇ ਕਲੇਮਾਂ ਲਈ — ਅਤੇ ਵਧੇ (ਸਰਪਲੱਸ) ਫੰਡਾਂ ਵਿੱਚ ਕਮੀ ਵਰਗੀਆਂ ਚੁਣੌਤੀਆਂ ਮੌਜੂਦ ਹਨ।

### ਵਰਕਰਾਂ ਦੇ ਕੰਪਨਸੇਸ਼ਨ ਸਿਸਟਮ ਨੂੰ ਚਲਾਉਣ ਲਈ ਪ੍ਰੀਮੀਅਮਾਂ ਦੁਆਰਾ ਫੰਡ ਦਿੱਤੇ ਜਾਂਦੇ ਹਨ।

*ਵਰਕਰਜ਼ ਕੰਪਨਸੇਸ਼ਨ ਐਕਟ* ਵਰਕਸੇਫਬੀਸੀ ਤੋਂ ਵਰਕਰਾਂ ਦੇ ਕੰਪਨਸੇਸ਼ਨ ਸਿਸਟਮ ਲਈ ਭੁਗਤਾਨ ਕਰਨ ਲਈ ਕੰਮ-ਮਾਲਕਾਂ ਲਈ ਸਲਾਨਾ ਪ੍ਰੀਮੀਅਮ ਦਰ ਮਿਥਣ ਦੀ ਮੰਗ ਕਰਦਾ ਹੈ। ਇਸ ਸਿਸਟਮ ਦਾ ਢਾਂਚਾ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਅੱਜ ਦੇ ਕੰਮ-ਮਾਲਕ ਕੰਮ ਵਾਲੀ ਥਾਂ 'ਤੇ ਅੱਜ ਦੀਆਂ ਲੱਗਣ ਵਾਲੀਆਂ ਸੱਟਾਂ ਦੇ ਪੂਰੇ ਖਰਚੇ ਲਈ ਜ਼ਿੰਮੇਵਾਰ ਹੁੰਦੇ ਹਨ।

ਪ੍ਰੀਮੀਅਮ ਦਰ ਦੇ ਉੱਪਰ ਜਾਣ ਅਤੇ ਥੱਲੇ ਆਉਣ ਵਿੱਚ ਮੁੱਖ ਤੌਰ 'ਤੇ ਸੱਟਾਂ ਦੀਆਂ ਦਰਾਂ, ਕੰਮ 'ਤੇ ਵਾਪਸੀ ਦੀ ਕਾਰਗੁਜ਼ਾਰੀ, ਅਤੇ ਕਲੇਮਾਂ ਨਾਲ ਸਬੰਧਿਤ ਲਾਗਤਾਂ, ਅਤੇ ਨਾਲ ਹੀ ਨਿਵੇਸ਼ ਪੂੰਜੀ ਤੋਂ ਹੋਣ ਵਾਲੇ ਲਾਭ ਅਸਰ ਪਾਉਂਦੇ ਹਨ।

ਵਰਕਸੇਫਬੀਸੀ ਗੈਰ-ਮੁਨਾਫ਼ਾ ਵਰਕਰਜ਼ ਕੰਪਨਸੇਸ਼ਨ ਸਿਸਟਮ ਚਲਾਉਂਦਾ ਹੈ ਜਿਸ ਨੂੰ ਸਿਰਫ਼ ਕੰਮ-ਮਾਲਕਾਂ ਦੁਆਰਾ ਦਿੱਤੀਆਂ ਜਾਂਦੀਆਂ ਬੀਮੇ ਦੀਆਂ ਕਿਸ਼ਤਾਂ (ਪ੍ਰੀਮੀਅਮ) ਅਤੇ ਨਿਵੇਸ਼ ਤੋਂ ਹੋਏ ਲਾਭ ਦੁਆਰਾ ਫੰਡ ਮਿਲਦੇ ਹਨ। ਰੋਕਥਾਮ ਅਤੇ ਸੁਰੱਖਿਆ ਲਈ ਪਹਿਲਕਦਮੀਆਂ ਸਮੇਤ ਕੰਮ ਨਾਲ ਸਬੰਧਿਤ ਸੱਟਾਂ ਜਾਂ ਬਿਮਾਰੀਆਂ, ਸਿਹਤ ਦੇਖ-ਰੇਖ, ਉਜਰਤ ਦੇ ਨੁਕਸਾਨ, ਕੰਮ 'ਤੇ ਮੁੜ ਵਾਪਸੀ ਅਤੇ ਪ੍ਰਸ਼ਾਸਨ ਨਾਲ ਸਬੰਧਿਤ ਲਾਗਤਾਂ ਲਈ ਪ੍ਰੀਮੀਅਮਾਂ ਦੁਆਰਾ ਫ਼ੰਡ ਦਿੱਤੇ ਜਾਂਦੇ ਹਨ।

ਵਰਕਸੇਫਬੀਸੀ ਦੇ ਡਾਇਰੈਕਟਰਾਂ ਦਾ ਬੋਰਡ ਇਸ ਸਾਲ ਅਕਤੂਬਰ ਵਿੱਚ ਸਾਲ 2027 ਦੀਆਂ ਪ੍ਰੀਮੀਅਮ ਦਰਾਂ ਨੂੰ ਅੰਤਿਮ ਰੂਪ ਦੇਵੇਗਾ।

**ਦਰਾਂ ਬਾਰੇ ਜਾਣਕਾਰੀ ਸੈਸ਼ਨ**

ਸਬੰਧਿਤ ਧਿਰਾਂ (ਸਟੇਕਹੋਲਡਰਾਂ) ਨਾਲ ਦਰਾਂ ਬਾਰੇ ਜਾਣਕਾਰੀ ਸੈਸ਼ਨ ਇਸ ਗਰਮੀ ਦੇ ਮੌਸਮ ਵਿੱਚ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਵਿੱਚ ਆਮ ਜਾਣਕਾਰੀ ਸੈਸ਼ਨ 13, 14 ਅਤੇ 15 ਜੁਲਾਈ ਲਈ ਤੈਅ ਕੀਤੇ ਗਏ ਹਨ। ਇਹ ਸੈਸ਼ਨ ਵਰਕਸੇਫਬੀਸੀ ਲਈ ਵਰਕਰਾਂ ਦੇ ਕੰਪਨਸੇਸ਼ਨ ਸਿਸਟਮ ਦੀ ਵਿੱਤੀ ਹਾਲਤ, ਦਰਾਂ ਅਤੇ ਵਰਗੀਕਰਨ ਵਿੱਚ ਤਬਦੀਲੀਆਂ, ਅਤੇ ਸਿਹਤ ਤੇ ਸੁਰੱਖਿਆ ਅਤੇ ਕੰਮ 'ਤੇ ਵਾਪਸੀ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਹਨ। ਹੋਰ ਵੇਰਵੇ worksafebc.com 'ਤੇ ਔਨਲਾਈਨ ਉਪਲਬਧ ਹਨ।

-30-

**ਵਧੀਕ ਜਾਣਕਾਰੀ**

- ਮੀਡੀਆ ਲਈ ਜਾਣਕਾਰੀ: ਪ੍ਰੀਮੀਅਮ ਦਰਾਂ
- ਮੀਡੀਆ ਲਈ ਜਾਣਕਾਰੀ: ਫੰਡਾਂ ਦੀ ਸਥਿਤੀ (ਸਰਪਲੱਸ)
- ਮੀਡੀਆ ਲਈ ਜਾਣਕਾਰੀ: ਵਿੱਤੀ ਪ੍ਰਬੰਧ

**ਵਰਕਸੇਫਬੀਸੀ ਬਾਰੇ**

*ਵਰਕਸੇਫਬੀਸੀ ਗੈਰ-ਮੁਨਾਫ਼ਾ ਵਰਕਰਜ਼ ਕੰਪਨਸੇਸ਼ਨ ਸਿਸਟਮ ਚਲਾਉਂਦਾ ਹੈ ਜਿਸ ਨੂੰ ਸਿਰਫ਼ ਕੰਮ-ਮਾਲਕਾਂ ਦੁਆਰਾ ਦਿੱਤੀਆਂ ਜਾਂਦੀਆਂ ਬੀਮੇ ਦੀਆਂ ਕਿਸ਼ਤਾਂ (ਪ੍ਰੀਮੀਅਮ) ਅਤੇ ਨਿਵੇਸ਼ ਤੋਂ ਹੋਏ ਲਾਭ ਦੁਆਰਾ ਫੰਡ ਮਿਲਦੇ ਹਨ। ਇਹ ਸੰਸਥਾ ਪੂਰੇ ਬੀ ਸੀ ਵਿੱਚ* 2.7 *ਮਿਲੀਅਨ ਵਰਕਰਾਂ ਅਤੇ* 286,000 *ਕੰਮ-ਮਾਲਕਾਂ ਦੀ ਨੋ-ਫਾਲਟ (ਹਾਦਸਾ ਭਾਵੇਂ ਕਿਸੇ ਨੇ ਵੀ ਕੀਤਾ ਹੋਵੇ) ਕੰਮ ਵਾਲੀ ਥਾਂ ਦੀ ਇੰਸ਼ੋਰੈਂਸ ਕਰਦੀ ਹੈ। ਵਰਕਸੇਫਬੀਸੀ ਬੀ. ਸੀ. ਵਿੱਚ ਸੱਟ, ਬਿਮਾਰੀ ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਵਰਕਰਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ।*

**ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫਬੀਸੀ
ਈਮੇਲ: media@worksafebc.com
ਟੈਲੀਫੋਨ: 604-276-5157